**Ministry of Education**

Minister

315 Front Street West
Toronto ON  M7A 0B8

**Ministère de l'Éducation**

Ministre

315, rue Front Ouest
Toronto ON  M7A 0B8

Ontario

ਪਿਆਰੇ ਮਾਤਾ-ਪਿਤਾ—

ਮੈਂ ਤੁਹਾਨੂੰ ਲਿਖ ਰਿਹਾ ਹਾਂ ਕਿਉਂਕਿ ਅਸੀਂ ਸਾਲ 2019-2020 ਦੇ ਸਕੂਲ ਸਾਲ ਦੇ ਅਧਿਕਾਰਤ ਅੰਤ ਤੋਂ ਕੁਝ ਹੀ ਹਫਤੇ ਦੂਰ ਹਾਂ। ਕੋਵਿਡ-19 ਦੇ ਪ੍ਰਕੋਪ ਦੇ ਜਵਾਬ ਵਿੱਚ ਸਾਨੂੰ ਸਾਰਿਆਂ ਨੂੰ ਜਿਹੜੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ ਹੈ, ਉਨ੍ਹਾਂ ਦੇ ਬਾਵਜੂਦ, ਮੈਂ ਤੁਹਾਡੀ ਦ੍ਰਿੜਤਾ ਅਤੇ ਹੌਸਲੇ ਤੋਂ ਪ੍ਰੇਰਿਤ ਹੋਇਆ ਹਾਂ। ਮੈਂ ਜਾਣਦਾ ਹਾਂ ਕਿ ਇਹ ਸੌਖਾ ਨਹੀਂ ਰਿਹਾ ਹੈ, ਪਰ ਪਿਛਲੇ ਕਈ ਮਹੀਨਿਆਂ ਵਿੱਚ ਆਪਣੇ ਬੱਚਿਆਂ ਦੀ ਸਹਾਇਤਾ ਕਰਨ ਦੀ ਤੁਹਾਡੀ ਵਚਨਬੱਧਤਾ ਪੁਨਰਪੁਸ਼ਟੀਕਰਣ ਵਾਲੀ, ਸਿਰਜਣਾਤਮਕ ਅਤੇ ਅਸਧਾਰਨ ਤੌਰ 'ਤੇ ਉਤਸ਼ਾਹਜਨਕ ਰਹੀ ਹੈ। ਅਸੀਂ ਤੁਹਾਡੇ ਬੱਚਿਆਂ ਦੀ ਭਲਾਈ ਦੀ ਰੱਖਿਆ ਕਰਨਾ ਅਤੇ ਸਿੱਖਿਆ ਦੀ ਨਿਰੰਤਰਤਾ ਬਣਾਈ ਰੱਖਣਾ ਜਾਰੀ ਰੱਖਾਂਗੇ। ਇਸ ਨੂੰ ਹਕੀਕਤ ਬਣਾਉਣ ਲਈ ਮਾਤਾ-ਪਿਤਾ ਅਤੇ ਸਰਪ੍ਰਸਤ ਵਜੋਂ ਤੁਹਾਡੀ ਭੂਮਿਕਾ ਮਹੱਤਵਪੂਰਣ ਹੈ।

ਅਸੀਂ ਜਾਣਦੇ ਹਾਂ ਕਿ **ਹੋ ਸਕਦਾ ਹੈ** ਅਗਲੇ ਸਕੂਲੀ ਸਾਲ ਦੀ ਸ਼ੁਰੂਆਤ ਉਸ ਤਰਾਂ **ਨਾ** ਦਿਖੇ ਜਾਂ ਮਹਿਸੂਸ ਹੋਵੇ, ਜਿਵੇਂ 10 ਮਹੀਨੇ ਪਹਿਲਾਂ ਸੀ।

ਅੱਜ, ਸਕੂਲਾਂ ਨੂੰ  ਸੁਰੱਖਿਅਤ ਢੰਗ ਨਾਲ ਦੁਬਾਰਾ ਖੋਲ੍ਹਣ ਲਈ ਮੈਂ ਆਪਣੀ ਸਰਕਾਰ ਦੀ ਯੋਜਨਾ ਦੀ ਘੋਸ਼ਣਾ ਕੀਤੀ। ਹਾਲਾਂਕਿ ਓਨਟੈਰੀਓ ਸਪਸ਼ਟ ਤੌਰ 'ਤੇ ਕੋਵਿਡ-19 ਦੇ ਪ੍ਰਕੋਪ ਪ੍ਰਤੀ ਸਾਡੀ ਪ੍ਰਤੀਕ੍ਰਿਆ ਦੇ ਸਕਾਰਾਤਮਕ ਰਾਹ 'ਤੇ ਹੈ, **ਮੇਰਾ ਟੀਚਾ ਇਹ ਸੁਨਿਸ਼ਚਿਤ ਕਰਨਾ ਹੈ ਕਿ ਆਉਣ ਵਾਲੇ ਸਤੰਬਰ ਵਿਚ ਸਿੱਖਿਆ ਪ੍ਰਣਾਲੀ ਸਾਰੇ ਸੰਭਾਵਿਤ ਦ੍ਰਿਸ਼ਾਂ ਲਈ ਸੁਰੱਖਿਅਤ ਢੰਗ ਨਾਲ ਤਿਆਰ ਹੋਵੇ।** ਇਸ ਨੂੰ ਧਿਆਨ ਵਿਚ ਰੱਖਦਿਆਂ, ਮੈਂ ਸਾਰੇ ਸਕੂਲ ਬੋਰਡਾਂ ਨੂੰ ਤਿੰਨ ਦ੍ਰਿਸ਼ਾਂ ਦੀ ਯੋਜਨਾ ਬਣਾਉਣ ਲਈ ਨਿਰਦੇਸ਼ ਦਿੱਤੇ ਹਨ:

- ਸਿਹਤ ਅਤੇ ਸੁਰੱਖਿਆ ਦੀਆਂ ਜਰੂਰਤਾਂ ਦੇ ਨਾਲ, ਰਵਾਇਤੀ, ਨਿਯਮਿਤ ਕਲਾਸਰੂਮ ਸਿੱਖਿਆ 'ਤੇ ਵਾਪਸੀ,
- ਲਾਈਵ, ਸਿੰਕ੍ਰੋਨਸ ਔਨਲਾਈਨ ਹਦਾਇਤਾਂ ਦੀ ਵਰਤੋਂ ਦੇ ਨਾਲ ਰਿਮੋਟ ਲਰਨਿੰਗ ਨੂੰ ਜਾਰੀ ਰੱਖਣਾ, ਅਤੇ;
- ਇਕ ਅਨੁਕੂਲਿਤ ਡਿਲੀਵਰੀ ਮਾਡਲ ਜੋ ਵਿਦਿਆਰਥੀਆਂ ਨੂੰ ਮਿਸ਼ਰਿਤ ਵਰਚੁਅਲ ਲਰਨਿੰਗ ਦੇ ਨਾਲ ਕਲਾਸ ਵਿਚ ਵਾਪਸ ਆਉਣ ਦੇ ਯੋਗ ਬਣਾਉਂਦਾ ਹੈ ਜਿਸ ਵਿਚ ਸਿਹਤ ਅਤੇ ਸੁਰੱਖਿਆ ਦੀਆਂ ਜ਼ਰੂਰਤਾਂ ਸ਼ਾਮਲ ਹਨ ਜੋ ਵਿਦਿਆਰਥੀਆਂ ਦੀ ਅਧਿਕਤਮ ਗਿਣਤੀ ਨੂੰ ਪ੍ਰਤੀ ਕਲਾਸ 15 ਤਕ ਸੀਮਤ ਕਰਨਗੀਆਂ।

ਅਸੀਂ ਆਸ ਕਰਦੇ ਹਾਂ ਕਿ ਜਨਤਕ ਸਿਹਤ ਦੀ ਸਥਿਤੀ ਵਿੱਚ ਸੁਧਾਰ ਜਾਰੀ ਰਹੇਗਾ ਅਤੇ ਸੁਰੱਖਿਅਤ ਹੋਣ ਤੇ ਸਕੂਲ ਬੋਰਡਾਂ ਨੂੰ ਇੱਕ ਰਵਾਇਤੀ ਕਲਾਸਰੂਮ ਦੇ ਤਜ਼ਰਬੇ ਵਿੱਚ ਦਾਖਲ ਹੋਣ ਦੀ ਆਗਿਆ ਦੇਵੇਗਾ। ਸਥਾਨਕ ਅਤੇ ਖੇਤਰੀ ਸਿਹਤ ਅਧਿਕਾਰੀਆਂ ਨੇ - ਸਿੱਖਿਆ ਮੰਤਰਾਲੇ ਦੇ ਨਾਲ ਮਿਲ ਕੇ, ਮੈਡੀਕਲ ਮਾਹਰਾਂ ਦੀ ਇੱਕ ਸੂਚੀ ਸਥਾਪਤ ਕੀਤੀ ਹੈ - ਜੋ ਅੱਗੇ ਵਧਣ ਦੇ ਢਾਂਚੇ ਨੂੰ ਬਣਾਉਣ ਵਿੱਚ ਸਹਾਇਤਾ ਕਰੇਗੀ, ਤਾਂ ਕਿ ਇਹ ਸੁਨਿਸ਼ਚਿਤ ਕੀਤਾ ਜਾ ਸਕੇ ਕਿ ਤੁਹਾਡੇ ਭਾਈਚਾਰਿਆਂ ਦੇ ਅੰਦਰਲੀਆਂ ਹਕੀਕਤਾਂ ਸਭ ਤੋਂ ਵਧੀਆ ਝਲਕਦੀਆਂ ਹਨ।

ਜਦੋਂ ਕਿ ਸਕੂਲ ਬੋਰਡ ਮੰਤਰਾਲੇ ਦੇ ਦਿਸ਼ਾ ਨਿਰਦੇਸ਼ਾਂ ਦੇ ਅਧਾਰ ਤੇ ਆਪਣੀਆਂ ਯੋਜਨਾਵਾਂ ਨੂੰ ਵਿਕਸਿਤ ਕਰਨਗੇ, ਮੈਂ ਉਨ੍ਹਾਂ ਕੁਝ ਮੂਲ ਸਿਧਾਂਤਾਂ ਦਾ ਪ੍ਰਗਟਾਵਾ ਕਰਨਾ ਚਾਹਾਂਗਾ, ਜਿਹਨਾਂ ਦਾ ਉਪਯੋਗ ਅਸੀਂ ਬੋਰਡਾਂ ਨੂੰ ਇਨ੍ਹਾਂ ਨਿਰਦੇਸ਼ਾਂ ਨੂੰ ਜਾਰੀ ਕਰਨ ਲਈ ਕੀਤਾ ਸੀ।

…/p2

**ਸਭ ਤੋਂ ਪਹਿਲਾਂ, ਸਾਨੂੰ ਉਹ ਵਿਕਲਪ ਪਛਾਣਨਾ ਚਾਹੀਦਾ ਹੈ ਜਿਸਦੀ ਤੁਹਾਨੂੰ ਮਾਤਾ-ਪਿਤਾ ਵਜੋਂ ਜ਼ਰੂਰਤ ਹੈ।** ਤੁਸੀਂ ਸਾਨੂੰ ਇਹ ਸਪਸ਼ਟ ਕਰ ਦਿੱਤਾ ਹੈ, ਅਤੇ ਅਸੀਂ ਇਹ ਸੁਨਿਸ਼ਚਿਤ ਕਰ ਰਹੇ ਹਾਂ ਕਿ ਤੁਹਾਨੂੰ ਇਹ ਚੋਣ ਕਰਨ ਦਾ ਮੌਕਾ ਮਿਲੇ। ਇਨ-ਪਰਸਨ ਕਲਾਸ ਵਿਚ ਕੋਈ ਵੀ ਭਾਗੀਦਾਰੀ ਸਵੈਇੱਛੁਕ ਹੋਵੇਗੀ। ਅਸੀਂ ਆਪਣੇ ਲਰਨ ਐਟ ਹੋਮ (Learn At Home) ਪ੍ਰੋਗਰਾਮ ਨੂੰ ਹੋਰ ਮਜ਼ਬੂਤ ਕਰਾਂਗੇ, ਵਧੇਰੇ ਪਰਿਵਾਰਾਂ ਲਈ ਤਕਨਾਲੋਜੀ ਦੀ ਵੱਧ ਤੋਂ ਵੱਧ ਪਹੁੰਚ ਪ੍ਰਦਾਨ ਕਰਾਂਗੇ, ਅਤੇ ਨਿਯਮਤ, ਇਕੋ ਸਮੇਂ ਹੋਣ ਵਾਲੀ ਲਾਈਵ ਲਰਨਿੰਗ ਦਾ ਜ਼ੋਰਦਾਰ ਸਮਰਥਨ ਕਰਾਂਗੇ, ਜੋ ਸਪਸ਼ਟ ਤੌਰ 'ਤੇ ਤੁਹਾਡੇ ਬੱਚੇ ਨੂੰ ਲਾਭ ਪਹੁੰਚਾਉਂਦੀ ਹੈ। ਸਾਡੀ ਸਰਕਾਰ ਮਾਤਾ-ਪਿਤਾ ਦਾ ਜ਼ੋਰਦਾਰ ਸਮਰਥਨ ਕਰਨਾ ਜਾਰੀ ਰਖੇਗੀ ਅਤੇ ਇਸ ਪ੍ਰਭਾਵਸ਼ਾਲੀ ਤਜ਼ਰਬੇ 'ਤੇ ਜ਼ੋਰ ਦੇਵੇਗੀ।

ਦੂਜਾ, ਇਹ ਯੋਜਨਾ **ਤੁਹਾਡੇ ਬੱਚੇ, ਸਟਾਫ ਅਤੇ ਤੁਹਾਡੇ ਪਰਿਵਾਰਾਂ ਦੀ ਸਿਹਤ ਅਤੇ ਸੁਰੱਖਿਆ ਦੇ ਨਾਲ ਸਾਡੀ ਪਹਿਲੀ ਤਰਜੀਹ** ਵਜੋਂ ਵਿਕਸਤ ਕੀਤੀ ਗਈ ਸੀ। ਇਸੇ ਕਰਕੇ ਸਰਕਾਰ ਨੇ ਸਕੂਲਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਸਤੰਬਰ ਮਹੀਨੇ ਵਿੱਚ ਵਾਧੂ ਕਸਟੋਡਿਅਲ ਸਟਾਫ ਦੀ ਨਿਯੁਕਤੀ ਲਈ ਸਫ਼ਾਈ, ਸਫ਼ਾਈ ਪ੍ਰੋਟੋਕੋਲ ਅਤੇ ਵਿੱਤੀ ਸਹਾਇਤਾ ਲਈ ਨੈੱਟ ਨਵਾਂ ਫੰਡ ਦੇਣ ਦਾ ਐਲਾਨ ਕੀਤਾ ਹੈ। ਇਸੇ ਲਈ ਸਾਡੀ ਯੋਜਨਾ ਚੀਫ਼ ਮੈਡੀਕਲ ਔਫਿਸਰ ਔਫ ਹੈਲਥ, ਕੋਵਿਡ-19 ਕਮਾਂਡ ਟੇਬਲ 'ਤੇ ਸਿਹਤ ਮਾਹਰਾਂ, ਹੌਸਪਿਟਲ ਫੌਰ ਸਿੱਕ ਚਿਲਡਰਨ ਦੇ ਮੈਡੀਕਲ ਮਾਹਰਾਂ, ਸਿੱਖਿਆ ਖੇਤਰ ਦੇ ਭਾਈਵਾਲਾਂ, ਫਰੰਟ-ਲਾਈਨ ਵਰਕਰਾਂ, ਮਾਤਾ-ਪਿਤਾ ਅਤੇ ਵਿਦਿਆਰਥੀਆਂ ਨਾਲ ਵਿਆਪਕ ਸਲਾਹ-ਮਸ਼ਵਰੇ ਤੋਂ ਬਾਅਦ ਬਣਾਈ ਗਈ ਸੀ।

ਤੀਜਾ, ਸਾਡੀ ਸਰਕਾਰ ਵਿਦਿਆਰਥੀਆਂ ਦੀ ਮਾਨਸਿਕ ਸਿਹਤ ਦੇ ਸਮਰਥਨ ਲਈ ਇਕ ਰਿਕਾਰਡ ਪੱਧਰ 'ਤੇ ਨਿਵੇਸ਼ ਕਰ ਰਹੀ ਹੈ। **ਕੁੱਲ ਆਉਣ ਵਾਲੇ ਸਕੂਲ ਸਾਲ ਲਈ ਅਸੀਂ 10 ਮਿਲੀਅਨ ਡਾਲਰ ਦੇ ਨਵੇਂ ਵਾਧੂ ਫੰਡਾਂ ਦਾ ਨਿਵੇਸ਼ ਕਰ ਰਹੇ ਹਾਂ**, ਜਿਸ ਨਾਲ ਸਕੂਲ ਬੋਰਡਾਂ ਨੂੰ ਇਹ ਸੁਨਿਸ਼ਚਿਤ ਕਰਨ ਵਿਚ ਮਦਦ ਮਿਲ ਸਕੇ ਕਿ ਉਹ ਮਾਨਵਿਕ ਸਿਹਤ ਅਤੇ ਭਲਾਈ 'ਤੇ ਕੋਵਿਡ-19 ਦੇ ਪ੍ਰਭਾਵ ਨੂੰ ਦੇਖਦੇ ਹੋਏ ਵਿਦਿਆਰਥੀਆਂ ਦਾ ਪ੍ਰੇਰਿਤ ਢੰਗ ਨਾਲ ਸਮਰਥਨ ਕਰ ਰਹੇ ਹਨ। ਇਸ ਸਾਲ, ਵਿਦਿਆਰਥੀਆਂ ਦੀ ਰੈਗੂਲੇਟਿਡ ਮਾਨਸਿਕ ਸਿਹਤ ਪੇਸ਼ੇਵਰਾਂ ਤੱਕ ਅਪੂਰਵ ਸਿੱਧੀ ਪਹੁੰਚ ਹੋਵੇਗੀ, ਕਿਉਂਕਿ ਸਾਡੀ ਸਰਕਾਰ ਵਿਦਿਆਰਥੀ ਭਲਾਈ ਦੇ ਸਮਰਥਨ ਵਿਚ 50 ਮਿਲੀਅਨ ਡਾਲਰ ਦਾ ਰਿਕਾਰਡ ਨਿਵੇਸ਼ ਕਰ ਰਹੀ ਹੈ। ਮੈਡੀਕਲ ਮਾਹਰਾਂ ਨੇ ਸਪਸ਼ਟ ਕੀਤਾ ਹੈ ਕਿ ਕੋਵਿਡ-19 ਦਾ ਜਵਾਬ ਦੇਣ ਲਈ ਮਾਨਸਿਕ ਸਿਹਤ ਸਹਾਇਤਾ ਵਧਾਉਣ ਦੀ ਜ਼ਰੂਰਤ ਹੈ। ਇਸ ਫੰਡਿੰਗ ਦੀ ਵਰਤੋਂ ਸਕੂਲ ਬੋਰਡਾਂ ਦੁਆਰਾ ਇਸ ਸੰਕਟ ਦੇ ਜ਼ਰੀਏ ਵਿਦਿਆਰਥੀਆਂ ਦੀ ਸਹਾਇਤਾ ਕਰਨ, ਉਡੀਕ ਸਮਾਂ ਘਟਾਉਣ ਅਤੇ ਨਾਜ਼ੁਕ ਸੇਵਾਵਾਂ ਤੱਕ ਪਹੁੰਚ ਵਿੱਚ ਸੁਧਾਰ ਕਰਨ ਲਈ ਵਾਧੂ ਮਾਨਸਿਕ ਸਿਹਤ ਕਰਮਚਾਰੀਆਂ ਦੀ ਨਿਯੁਕਤੀ ਲਈ ਕੀਤਾ ਜਾ ਸਕਦਾ ਹੈ, ਜਿਸ ਬਾਰੇ ਅਸੀਂ ਜਾਣਦੇ ਹਾਂ ਕਿ ਵਿਦਿਆਰਥੀ ਇਸ ਦੇ ਹੱਕਦਾਰ ਹਨ।

ਸਕੂਲ ਰੀਸਟਾਰਟ ਯੋਜਨਾ ਵਿਸ਼ੇਸ਼ ਵਿਦਿਅਕ ਜ਼ਰੂਰਤਾਂ ਵਾਲੇ ਵਿਦਿਆਰਥੀਆਂ ਲਈ ਸਹਾਇਤਾ ਨੂੰ ਵੀ ਤਰਜੀਹ ਦਿੰਦੀ ਹੈ, ਜਿਸ ਵਿੱਚ ਸਕੂਲ ਵਿੱਚ ਨਿਰਵਿਘਨ ਤਬਦੀਲੀ ਲਈ ਅਗਾਊਂ ਯੋਜਨਾ ਸ਼ਾਮਲ ਹੈ, ਇੰਡੀਵਿਜੂਅਲ ਐਜੂਕੇਸ਼ਨ ਪਲੈਨ (ਆਈਈਪੀ) ਅਤੇ ਆਈਡੈਂਟੀਫ਼ਿਕੇਸ਼ਨ, ਪਲੇਸਮੈਂਟ ਐਂਡ ਰਿਵਿਊ ਕਮਿਟੀਜ਼ (ਆਈਪੀਆਰਸੀ) ਦੀ ਪਾਲਣਾ ਕੀਤੇ ਜਾਣ ਦੀ ਲੋੜ ਹੈ, ਇਸਦੇ ਨਾਲ ਹੀ ਬੋਰਡਾਂ ਨੂੰ ਬਹੁਤ ਮਹੱਤਵਪੂਰਨ ਪੱਧਰਾਂ 'ਤੇ ਲੋੜਾਂ ਵਾਲੇ ਵਿਦਿਆਰਥੀਆਂ ਲਈ ਪੂਰਨ-ਕਾਲਿਕ ਇਨ-ਕਲਾਸ ਹਦਾਇਤਾਂ ਦੀ ਯੋਜਨਾ ਬਣਾਉਣ ਦੀ ਵੀ ਜ਼ਰੂਰਤ ਹੈ। ਅਸੀਂ ਬੋਰਡਾਂ ਨੂੰ ਬੱਚਿਆਂ ਦੇ ਇਲਾਜ ਕੇਂਦਰਾਂ ਸਮੇਤ ਸਥਾਨਕ ਭਾਗੀਦਾਰਾਂ ਦੇ ਨਾਲ ਕੰਮ ਕਰਨ ਲਈ ਵੀ ਕਹਿ ਰਹੇ ਹਾਂ, ਤਾਂ ਜੋ ਵਿਦਿਆਰਥੀਆਂ ਨੂੰ ਉਸ ਸਮਰਥਨਾਂ ਤਕ ਪਹੁੰਚ ਪ੍ਰਾਪਤ ਹੋਵੇ ਜਿਸਦੀ ਉਨ੍ਹਾਂ ਨੂੰ ਸਫਲ ਹੋਣ ਲਈ ਜ਼ਰੂਰਤ ਹੈ।

ਚੌਥਾ, ਅਸੀਂ ਦੇਖਿਆ ਕਿ ਪਰਿਵਾਰਾਂ ਨੇ ਚੁਣੌਤੀ ਦਾ ਸਾਮ੍ਹਣਾ ਕੀਤਾ ਅਤੇ ਜਲਦੀ ਹੀ ਅਨੁਕੂਲਿਤ ਕੀਤਾ ਜਦੋਂ ਅਸੀਂ ਲਰਨ ਐਟ ਹੋਮ ਪ੍ਰੋਗਰਾਮ ਸ਼ੁਰੂ ਕੀਤਾ। ਇਹ ਯੋਜਨਾ ਨਵੀਂ ਔਨਲਾਈਨ ਕੋਰਸ ਸਮੱਗਰੀ ਅਤੇ ਡਿਜੀਟਲ ਸਾਧਨ ਪ੍ਰਦਾਨ ਕਰੇਗੀ, ਅਤੇ ਆਉਣ ਵਾਲੇ ਸਕੂਲ ਸਾਲ ਵਿੱਚ ਵਿਦਿਆਰਥੀਆਂ ਲਈ ਨਿਰੰਤਰ ਸਿਖਲਾਈ ਦੇ ਸਮਰਥਨ ਲਈ ਅਧਿਆਪਕਾਂ ਨੂੰ ਹੋਰ ਸਰੋਤ ਪ੍ਰਦਾਨ ਕਰੇਗੀ। ਅਸੀਂ ਇਹ ਵੀ ਜਾਣਦੇ ਹਾਂ ਕਿ ਸਾਨੂੰ ਵਧੇਰੇ ਕਰਨਾ ਚਾਹੀਦਾ ਹੈ ਤਾਂ ਜੋ ਸਾਰੇ ਵਿਦਿਆਰਥੀਆਂ ਕੋਲ ਤਕਨਾਲੋਜੀ ਦੀ ਵਧੇਰੇ ਪਹੁੰਚ ਹੋਵੇ, ਅਤੇ ਸਾਰੇ ਸਕੂਲਾਂ ਕੋਲ ਇੰਟਰਨੈੱਟ ਤਕ ਪਹੁੰਚ

ਹੋਵੇ।

**ਇਸ ਹਫਤੇ, ਮੈਂ ਡਿਵਾਈਸਾਂ ਖਰੀਦਣ ਅਤੇ ਡਿਜੀਟਲ ਯੁੱਗ ਨੂੰ ਅੱਗੇ ਅਪਨਾਉਣ ਵਿਚ ਸਕੂਲ ਬੋਰਡਾਂ ਨੂੰ ਸਹਾਇਤਾ ਲਈ 15 ਮਿਲੀਅਨ ਡਾਲਰ ਦੀ ਘੋਸ਼ਣਾ ਕੀਤੀ।** ਇਸ ਨਵੀਂ ਫੰਡਿੰਗ ਨੂੰ 35,000 ਤੱਕ ਕਲਾਸਰੂਮ ਕੰਪਿਊਟਰਾਂ ਦੀ ਖਰੀਦ ਅਤੇ ਵਿਦਿਆਰਥੀਆਂ ਨੂੰ ਆਉਣ ਵਾਲੇ ਸਕੂਲ ਸਾਲ ਵਿੱਚ ਸਫਲ ਹੋਣ ਲਈ ਉਪਕਰਣਾਂ ਨੂੰ ਯਕੀਨੀ ਬਣਾਉਣ ਲਈ ਨਿਰਦੇਸ਼ਤ ਕੀਤਾ ਜਾਵੇਗਾ।

ਪੰਜਵਾਂ, ਅੱਜ ਮੈਂ ਐਲਾਨ ਕੀਤਾ ਕਿ ਸਰਕਾਰ ਸਿੱਖਿਆ 'ਤੇ ਪਹਿਲਾਂ ਨਾਲੋਂ ਜ਼ਿਆਦਾ ਖਰਚ ਕਰ ਰਹੀ ਹੈ। ਇਸ ਸਾਲ, ਵਿਦਿਆਰਥੀਆਂ ਦੀਆਂ ਜ਼ਰੂਰਤਾਂ ਲਈ ਗ੍ਰਾਂਟਾਂ ਵਿੱਚ ਰਿਕਾਰਡ 736 ਮਿਲੀਅਨ ਡਾਲਰ ਦਾ ਵਾਧਾ ਹੋਇਆ ਹੈ। ਅਸੀਂ ਮਾਨਸਿਕ ਸਿਹਤ, ਵਿਸ਼ੇਸ਼ ਸਿੱਖਿਆ, ਟੈਕਨੋਲੋਜੀ ਵਿੱਚ ਰਿਕਾਰਡ ਮਾਤਰਾ ਵਿੱਚ ਨਿਵੇਸ਼ ਕਰ ਰਹੇ ਹਾਂ, ਅਤੇ ਸਮੁੱਚੇ ਰੂਪ ਵਿੱਚ - **ਹਰੇਕ ਸਕੂਲ ਬੋਰਡ ਨੂੰ ਫੰਡਾਂ ਵਿੱਚ ਵਾਧੇ ਦਾ ਫਾਇਦਾ ਮਿਲੇਗਾ** - ਜਿਵੇਂ ਅਸੀਂ ਆਉਣ ਵਾਲੇ ਸਾਲ ਲਈ ਤਿਆਰੀ ਕਰਦੇ ਹਾਂ।

ਅਸੀਂ ਓਨਟੈਰੀਓ ਦੇ ਵਿਦਿਆਰਥੀਆਂ ਪ੍ਰਤੀ - ਉਹਨਾਂ ਦੀ ਸਿਹਤ ਅਤੇ ਸੁਰੱਖਿਆ ਲਈ - ਉਹਨਾਂ ਦੀ ਸਿਖਲਾਈ ਯਾਤਰਾ ਵਿਚ ਉਹਨਾਂ ਦਾ ਸਮਰਥਨ ਕਰਨ ਲਈ - ਅਤੇ ਉਹਨਾਂ ਨੂੰ ਭਵਿੱਖ ਵਿੱਚ ਸਫਲਤਾ ਲਈ ਸਥਾਪਤ ਕਰਨ ਲਈ ਸਾਡੀ ਆਪਣੀ ਵਚਨਬੱਧਤਾ ਤੋਂ ਕਦੀ ਨਹੀਂ ਹਿਚਕਿਚਾਵਾਂਗੇ।

**ਓਨਟੈਰੀਓ ਦੇ ਮਾਤਾ-ਪਿਤਾ, ਸਿੱਖਿਆ ਸਟਾਫ, ਅਤੇ ਕਮਿਊਨਿਟੀਆਂ** ਨੂੰ ਤੁਹਾਡੇ ਸਮਰਥਨ, ਵਿਚਾਰਾਂ ਅਤੇ ਸਾਡੇ ਸਕੂਲਾਂ ਦੀ ਸੁਰੱਖਿਆ ਅਤੇ ਵਿਦਿਆਰਥੀਆਂ ਦੀ ਸਫਲਤਾ ਪ੍ਰਤੀ ਵਚਨਬੱਧਤਾ ਲਈ ਧੰਨਵਾਦ।

ਤੁਹਾਡੀਆਂ ਗਰਮੀਆਂ ਸਕਾਰਾਤਮਕ ਹੋਣ,



ਮਾਣਯੋਗ ਸਟੀਫਨ ਲੇਚੇ ਸਿੱਖਿਆ ਮੰਤਰੀ

(The Honourable Stephen Lecce Minister of Education)